PUNJABI UNIVERSITY PATIALA
Office of Dean College Development Council

No. 11773
Dated 19/7/04

ਪ੍ਰਧਾਨ,
ਐਸ.ਐਸ.ਡੀ.ਵਿਮੈਨ ਇੰਸਟੀਚਿਊਟ ਆਫ ਟੈਕਨਾਲੋਜੀ,
ਬਠਿੰਡਾ।

ਵਿਸ਼ਾ: ਸੰਸਥਾ ਵਿਖੇ ਸਾਲ 2004-05 ਤੋਂ ਐਮ.ਸੀ..ਏ ਕੋਰਸ ਭਾਗ-ਪਹਿਲਾ ਲਈ ਸਬੰਧਤਾ ਬਾਰੇ।

ਸ੍ਰੀਮਾਨ ਜੀ,

ਆਪਜੀ ਦੇ ਪੱਤਰ ਨੰ: ssdwit/2083, ਮਿਤੀ: 30.6.04 ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਅਤੇ ਮੁਆਇਨਾ ਕਮੇਟੀ ਵਲੋਂ ਆਪਣੀ ਰਿਪੋਰਟ ਮਿਤੀ: 28.2.04 ਵਿਚ ਦਰਜ ਹੇਠ ਲਿਖੀਆਂ ਸ਼ਰਤਾਂ ਦੀ ਪੂਰਤੀ ਦੀ ਆਸ ਵਿਚ ਅਤੇ ਇਸ ਸਬੰਧ ਵਿਚ ਉਹਨਾਂ ਵਲੋਂ ਗਠਿਤ ਕੀਤੀ ਗਈ ਕਮੇਟੀ ਵਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ (ਮਿਤੀ 8.7.04) ਦੀ ਲੋਅ ਵਿਚ ਆਪਜੀ ਦੀ ਸੰਸਥਾ ਨੂੰ ਸਾਲ 2004-05 ਤੋਂ ਐਮ.ਸੀ.ਏ ਭਾਗ-ਪਹਿਲਾ (ਇੱਕ ਯੂਨਿਟ -30 ਸੀਟਾਂ ) ਵਿਚ ਦਾਖਲੇ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ:

1. ਸੰਸਥਾ ਵਿਖੇ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਦੀ ਨਿਯੁਕਤੀ ਕੀਤੀ ਜਾਵੇ।

2. ਕੰਪਿਊਟਰ ਵਿਸ਼ੇ ਦੇ 4 ਹੋਰ ਲੈਕਚਰਾਰ ਨਿਯੁਕਤ ਕੀਤੇ ਜਾਣ।

3. ਐਮ.ਸੀ.ਏ ਕੋਰਸ ਲਈ AICTE ਤੋਂ ਪ੍ਰਵਾਨਗੀ ਲਈ ਜਾਵੇ ਅਤੇ ਇਸ ਕੋਰਸ ਨੂੰ ਸਾਲ 2004-05 ਤੋਂ Phased manner ਵਿਚ ਪੰਜਾਬ ਟੈਕਨੀਕਲ ਯੂਨੀਵਰਸਿਟੀ,ਜਲੰਧਰ ਤੋਂ ਡਿਸਐਫਿਲੀਏਟ ਕਰਵਾਇਆ ਜਾਵੇ।

4. ਐਮ.ਸੀ.ਏ ਕੋਰਸ ਦੀ ਸਬੰਧਤਾ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਸ ਸੰਸਥਾ ਵਿਖੇ ਪਹਿਲਾਂ ਤੋਂ ਚਲ ਰਹੇ ਬੀ.ਸੀ.ਏ/ਬੀ.ਐਮ.ਆਈ.ਟੀ ਸਮੇਤ ਐਮ.ਸੀ.ਏ, ਵਿਚ ਵਿਦਿਆਰਥੀਆਂ ਦੀ ਗਿਣਤੀ 180 ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਸਬੰਧ ਵਿਚ ਦਾਖਲਿਆਂ ਉਪਰੰਤ ਲੋੜੀਂਦਾ ਐਫੀਡੇਵਿਟ ਯੂਨੀਵਰਸਿਟੀ ਨੂੰ ਭੇਜਿਆ ਜਾਵੇ।

5. ਐਮ.ਸੀ.ਏ. ਕੋਰਸ ਲਈ ਫੀਸ ਅਤੇ ਯੂਨੀਵਰਸਿਟੀ ਚਾਰਜਿਜ਼ ਸੰਸਥਾ ਵਲੋਂ ਉਹੀ ਚਾਰਜ ਕੀਤੇ ਜਾਣਗੇ ਜੋ ਯੂਨੀਵਰਸਿਟੀ ਵਲੋਂ ਨਿਰਧਾਰਤ ਹਨ। ਇਸਤੋਂ ਇਲਾਵਾ ਹੋਰ ਕੋਈ ਫੀਸ ਚਾਰਜ ਨਹੀਂ ਕੀਤੀ ਜਾਵੇਗੀ।



Scanned with CamScanner

No. ..................

2.

Dated ..................

6. ਐਮ.ਸੀ.ਏ ਕੋਰਸ ਸਬੰਧੀ ਯੂਨੀਵਰਸਿਟੀ ਵਲੋਂ ਨਿਰਧਾਰਤ ਫੀਸ ਵਜੋਂ ਸੰਸਥਾ ਵਲੋਂ ਐਮ.ਸੀ.ਏ ਭਾਗ-ਪਹਿਲਾ, ਦੂਜਾ ਅਤੇ ਤੀਜਾ ਸਾਲ ਲਈ ਇੱਕ-ਇੱਕ ਲੱਖ ਰੁਪਏ ਅਤੇ ਉਸ ਤੋਂ ਮਗਰੋਂ 50 ਹਜ਼ਾਰ ਰੁਪਏ ਹਰ ਸਾਲ ਨਿਰੰਤਰਤਾ ਫੀਸ ਵਜੋਂ ਜਮਾਂ ਕਰਵਾਉਣੇ ਪੈਣਗੇ। ਇਸ ਤਰ੍ਹਾਂ ਹਾਲ ਦੀ ਘੜੀ ਐਮ.ਸੀ.ਏ ਭਾਗ-ਪਹਿਲਾ ਦੀ ਸਬੰਧਤਾ ਲਈ ਇੱਕ ਲੱਖ ਰੁਪਏ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਤੁਰੰਤ ਭੇਜਿਆ ਜਾਵੇ। ਐਮ.ਸੀ.ਏ ਭਾਗ-II ਦੀ ਮਾਨਤਾ ਦੀ ਸੈਸ਼ਨ 2020-21 ਤੋਂ ਵਿਚਾਰਿਆ ਕੀਤੀ ਜਾਵੇਗੀ।

੭. ਪੀ.ਜੀ.ਡੀ.ਸੀ.ਏ ਕੋਰਸ ਸਵੇਰ ਦੇ ਸੈਸ਼ਨ ਦੀ ਬਜਾਏ ਸ਼ਾਮ ਨੂੰ ਚਲਾਇਆ ਜਾਵੇ।

੮. ਸੰਸਥਾ ਆਪਣੇ ਹਰ ਸਾਲ ਦੇ ਖਰਚੇ ਨੂੰ ਚਾਰਟਿਡ ਅਕਾਊਂਟੈਂਟ ਤੋਂ ਤਸਦੀਕ ਕਰਵਾ ਕੇ ਯੂਨੀਵਰਸਿਟੀ ਨੂੰ ਭੇਜੇਗਾ।

੯. ਸੰਸਥਾ ਉਹਨਾਂ ਸਾਰੇ ਰੂਲਜ਼ ਐਂਡ ਰੈਗੂਲੇਸ਼ਨਜ਼ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ ਜੋ ਯੂਨੀਵਰਸਿਟੀ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੇ ਜਾਣਗੇ।

ਉਪਰੋਕਤ ਸ਼ਰਤਾਂ ਦੀ ਪੂਰਤੀ ਕਰਕੇ ਵੇਰਵੇ ਸਹਿਤ ਰਿਪੋਰਟ ਦਫ਼ਤਰ ਨੂੰ ਤੁਰੰਤ ਭੇਜਣ ਦੀ ਖੇਚਲ ਕੀਤੀ ਜਾਵੇ।

ਵਿਸ਼ਵਾਸ਼ਪਾਤਰ,

ਡੀਨ, ਕਾਲਜ ਵਿਕਾਸ ਕੌਂਸਲ



Scanned with CamScanner